**ਆਕਾਸ਼ਵਾਣੀ ਜਲੰਧਰ**

**ਪ੍ਰਦੇਸ਼ਿਕ ਖਬਰਾਂ ਪੰਜਾਬੀ**

**18:20 Pm**

**ਮਿਤੀ: 29-07-2024**

- ਕੇਂਦਰੀ ਕਿਰਤ ਤੇ ਰੁਜ਼ਗਾਰ ਮੰਤਰੀ ਡਾ: ਮਨਸੁਖ ਮਾਂਡਵਿਆ ਨੇ ਕਿਹਾ ਏ ਕਿ ਦੇਸ਼ ਵਿੱਚ ਨੌਕਰੀਆਂ ਦੀ ਕੋਈ ਕਮੀ ਨਹੀਂ ਏ ਅਤੇ ਦੇਸ਼ ਵਿੱਚ ਬੇਰੁਜ਼ਗਾਰੀ ਦੀ ਦਰ 3 ਇਸ਼ਾਰਿਆ 2 ਪ੍ਰਤੀਸ਼ਤ ਤੱਕ ਘੱਟ ਗਈ ਏ।
- ਭਾਰਤੀ ਜਨਤਾ ਪਾਰਟੀ ਦੇ ਕੌਮੀ ਜਨਰਲ ਸਕੱਤਰ ਦੁਸ਼ਯੰਤ ਗੌਤਮ ਨੇ ਕਿਹਾ ਏ ਕਿ ਆਮ ਬਜਟ ਵਿੱਚ ਪੰਜਾਬ ਸਮੇਤ ਦੇਸ਼ ਭਰ ਦੇ ਕਿਸਾਨਾਂ ਨੂੰ ਲਾਭ ਦੇਣ ਲਈ ਕਈ ਪ੍ਰਬੰਧ ਕੀਤੇ ਗਏ ਨੇ।
- ਭਾਰਤ ਸਰਕਾਰ ਦੇ ਸੰਚਾਰ ਮੰਤਰਾਲੇ ਨੇ ਨਾਗਰਿਕਾਂ ਦੀ ਸਹੂਲਤ ਤੇ ਸੰਚਾਰ ਸੇਵਾਵਾਂ ਦੀ ਅਸਾਨ ਪਹੁੰਚ ਯਕੀਨੀ ਬਣਾਉਣ ਲਈ 'ਸੰਚਾਰ ਸਾਥੀ ਪੋਰਟਲ' ਦੀ ਸ਼ੁਰੂਆਤ ਕੀਤੀ ਏ।

- ਪੈਰਿਸ ਓਲੰਪਿਕ ਵਿਚ ਹਾਕੀ ਦੇ ਪੂਲ ਬੀ ਵਿਚ ਭਾਰਤ ਤੇ ਅਰਜਨਟੀਨਾ ਵਿਚਾਲੇ ਖੇਡਿਆ ਗਿਆ ਮੈਚ 1 - 1 ਗੋਲ ਦੀ ਬਰਾਬਰੀ ਤੇ ਰਿਹਾ।

---------------------------------------------------------

ਕੇਂਦਰੀ ਕਿਰਤ ਤੇ ਰੁਜ਼ਗਾਰ ਮੰਤਰੀ ਡਾ: ਮਨਸੁਖ ਮਾਂਡਵਿਆ ਨੇ ਕਿਹਾ ਏ ਕਿ ਦੇਸ਼ ਵਿੱਚ ਨੌਕਰੀਆਂ ਦੀ ਕੋਈ ਕਮੀ ਨਹੀਂ ਏ ਅਤੇ ਮੌਜੂਦਾ ਸਰਕਾਰ ਦੀਆਂ ਨੀਤੀਆਂ ਕਾਰਨ ਦੇਸ਼ ਵਿੱਚ ਬੇਰੁਜ਼ਗਾਰੀ ਦੀ ਦਰ 3 ਇਸ਼ਾਰਿਆ 2 ਫੀਸਦੀ ਤੱਕ ਘੱਟ ਗਈ ਏ। ਲੋਕ ਸਭਾ ਵਿੱਚ ਪ੍ਰਸ਼ਨ ਕਾਲ ਦੌਰਾਨ ਪੂਰਕ ਸਵਾਲਾਂ ਦੇ ਜਵਾਬ ਦਿੰਦਿਆਂ ਉਨਾਂ ਆਸ ਪ੍ਰਗਟਾਈ ਕਿ ਆਉਣ ਵਾਲੇ ਸਾਲਾਂ ਵਿੱਚ ਬੇਰੁਜ਼ਗਾਰੀ ਦਰ 3 ਫੀਸਦੀ ਤੋਂ ਹੇਠਾਂ ਆ ਜਾਵੇਗੀ। ਡਾ: ਮਾਂਡਵਿਆ ਨੇ ਕਿਹਾ ਕਿ ਪਿਛਲੇ ਦੋ ਸਾਲਾਂ ਵਿੱਚ ਕਿਰਤ ਸ਼ਕਤੀ ਭਾਗੀਦਾਰੀ ਦਰ ਅਤੇ ਮਜ਼ਦੂਰ ਆਬਾਦੀ ਅਨੁਪਾਤ ਵਿੱਚ ਵਾਧਾ ਹੋਇਆ ਏ। ਉਨ੍ਹਾਂ ਕਿਹਾ ਕਿ ਲੇਬਰ ਫੋਰਸ ਭਾਗੀਦਾਰੀ ਦਰ 44 ਫੀਸਦੀ ਅਤੇ ਕਾਮਿਆਂ ਦਾ ਆਬਾਦੀ ਅਨੁਪਾਤ 40 ਫੀਸਦੀ ਤੱਕ ਪਹੁੰਚ ਗਿਆ ਏ।

-------------------------------------------------

ਗੁਰਦਾਸਪੁਰ ਜ਼ਿਲੇ ਦੇ ਇਤਿਹਾਸਕ ਸ਼ਹਿਰ ਦੀਨਾਨਗਰ ਵਿੱਚ ਆਵਾਜਾਈ ਸੁਚਾਰੂ ਬਣਾਉਣ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਦੀਨਾਨਗਰ ਰੇਲਵੇ ਸਟੇਸ਼ਨ ਨੇੜੇ ਅੰਮ੍ਰਿਤਸਰ - ਪਠਾਨਕੋਟ ਰੇਲਵੇ ਸੈਕਸ਼ਨ ਤੇ ਨਵਾਂ ਬਣਿਆ ਰੇਲਵੇ ਓਵਰ ਬ੍ਰਿਜ ਲੋਕਾਂ ਨੂੰ ਸਮਰਪਿਤ ਕੀਤਾ। ਕਰੀਬ 51 ਕਰੋੜ 74 ਲੱਖ ਰੁਪਏ ਦੀ ਲਾਗਤ ਨਾਲ ਬਣਿਆ ਇਹ ਰੇਲਵੇ ਓਵਰ ਬ੍ਰਿਜ ਸ਼ਹਿਰ ਦੇ ਲੋਕਾਂ ਲਈ ਬਹੁਤ ਵੱਡਾ ਤੋਹਫ਼ਾ ਏ । ਇਹ 7 ਇਸ਼ਾਰਿਆ 30 ਮੀਟਰ ਲੰਮਾ ਤੇ 10 ਇਸ਼ਾਰਿਆ 5 ਮੀਟਰ ਚੌੜਾ ਪ੍ਰਾਜੈਕਟ ਸਨ 2019 ਵਿੱਚ ਸ਼ੁਰੂ ਹੋਇਆ ਸੀ ਅਤੇ ਸਮੇਂ ਸਿਰ ਮੁਕੰਮਲ ਹੋਇਆ ਏ। ਇਸ ਰੇਲਵੇ ਓਵਰ ਬ੍ਰਿਜ ਦੇ ਦੋਵੇਂ ਪਾਸੇ ਫੁੱਟਪਾਥ ਉਸਾਰਿਆ ਗਿਆ ਏ ਅਤੇ ਦੋਵੇਂ ਪਾਸਿਆਂ ਉਤੇ ਸਰਵਿਸ ਰੋਡ ਤੇ ਹਾਈਵੇਅ ਲਾਈਟਾਂ ਦਾ ਵੀ ਪ੍ਰਬੰਧ ਕੀਤਾ ਗਿਆ ਏ। ਇਸ ਰੇਲਵੇ ਓਵਰ ਬ੍ਰਿਜ ਦੇ ਨਿਰਮਾਣ ਨਾਲ ਅੰਮ੍ਰਿਤਸਰ-ਪਠਾਨਕੋਟ ਰੇਲਵੇ ਲਾਈਨ ਉਤੇ ਸੀ-60 ਲੈਵਲ ਕਰਾਸਿੰਗ ਖ਼ਤਮ ਹੋ ਜਾਵੇਗੀ ।

ਇਸ ਨਾਲ ਸਰਹੱਦੀ ਪਿੰਡਾਂ ਤੋਂ ਦੀਨਾਨਗਰ ਸ਼ਹਿਰ ਆਉਣ ਵਾਲਿਆਂ ਨੂੰ ਨਿਰਵਿਘਨ ਆਵਾਜਾਈ ਦੀ ਸਹੂਲਤ ਮਿਲੇਗੀ।

---------------------------------------------------------------

ਭਾਰਤੀ ਜਨਤਾ ਪਾਰਟੀ ਦੇ ਕੌਮੀ ਜਨਰਲ ਸਕੱਤਰ ਦੁਸ਼ਯੰਤ ਗੌਤਮ ਨੇ ਕਿਹਾ ਏ ਕਿ ਆਮ ਬਜਟ ਵਿੱਚ ਪੰਜਾਬ ਦੇ ਰੇਲਵੇ ਵਿਕਾਸ ਲਈ ਵਾਧੂ ਬਜਟ ਦਿੱਤਾ ਗਿਆ ਏ। ਜਲੰਧਰ ਵਿੱਚ ਅੱਜ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਉਨਾਂ ਕੇਂਦਰੀ ਖਜਾਨਾ ਮੰਤਰੀ ਨਿਰਮਲਾ ਸੀਤਾਰਮਨ ਵੱਲੋਂ ਸੰਸਦ ਵਿੱਚ ਪੇਸ਼ ਬਜਟ ਦੇ ਮੁੱਖ ਪਹਿਲੂਆਂ ਦੀ ਜਾਣਕਾਰੀ ਦਿੱਤੀ। ਉਨਾਂ ਕਿਹਾ ਕਿ ਪੰਜਾਬ ਸਮੇਤ ਦੇਸ਼ ਭਰ ਦੇ ਕਿਸਾਨਾਂ ਨੂੰ ਲਾਭ ਦੇਣ ਲਈ ਖੇਤੀ ਬਜਟ ਵਿੱਚ ਕਈ ਪ੍ਰਬੰਧ ਕੀਤੇ ਗਏ ਨੇ। ਦੁਸ਼ਯੰਤ ਗੌਤਮ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਸੁਪਨਾ 2047 ਤੱਕ ਭਾਰਤ ਨੂੰ ਵਿਕਸਿਤ ਬਣਾਉਣ ਦਾ ਏ ਅਤੇ ਇਸ ਬਜਟ ਦਾ ਵਿਜ਼ਿਨ ਵੀ ਇਹੀ ਏ।

---------------------------------------------------------------

ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਬੀਤੀ

ਸ਼ਾਮ ਖੁਦ ਫੀਲਡ ਵਿੱਚ ਜਾ ਕੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ ਫਰੀਦਕੋਟ ਦਾ ਅਚਨਚੇਤ ਦੌਰਾ ਕੀਤਾ ਅਤੇ ਮਰੀਜਾਂ ਦਾ ਹਾਲ-ਚਾਲ ਜਾਣਿਆ। ਇਸ ਮੌਕੇ ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਦਾ ਮੁੱਖ ਮੰਤਵ ਲੋਕਾਂ ਨੂੰ ਚੰਗੀਆਂ ਸਿਹਤ ਸਹੂਲਤਾਂ ਪ੍ਰਦਾਨ ਕਰਨਾ ਏ, ਤਾਂ ਜੋ ਸੂਬੇ ਦੇ ਲੋਕ ਸਿਹਤਮੰਦ ਜੀਵਨ ਜੀਅ ਸਕਣ। ਉਨ੍ਹਾਂ ਦੱਸਿਆ ਕਿ ਉਨ੍ਹਾਂ ਖੁਦ ਯੂਰੋਲੋਜੀ, ਰੋਬੋਟਿਕਸ ਅਤੇ ਕਿਡਨੀ ਟਰਾਂਸਪਲਾਟ ਵਿਭਾਗ ਦਾ ਅਚਨਚੇਤ ਦੌਰਾ ਕੀਤਾ ਅਤੇ ਉੱਥੇ ਦਾਖਲ ਮਰੀਜਾਂ ਦਾ ਹਾਲ ਚਾਲ ਪੁੱਛਿਆ। ਉਨ੍ਹਾਂ ਦੱਸਿਆ ਕਿ ਮਰੀਜਾਂ ਵੱਲੋਂ ਇਲਾਜ ਤੇ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ ਗਿਆ ਏ। ਇਸ ਤੋਂ ਇਲਾਵਾ ਉਨ੍ਹਾਂ ਵੱਲੋਂ ਆਈਸੋਲੇਸ਼ਨ ਵਾਰਡ ਦਾ ਵੀ ਜਾਇਜਾ ਲਿਆ ਗਿਆ।

----------------------------------------------------

ਪੰਜਾਬ ਪੁਲਿਸ ਦੇ ਡੀ ਜੀ ਪੀ ਗੌਰਵ ਯਾਦਵ ਨੇ ਕਿਹਾ ਏ ਕਿ ਸੂਬੇ ਵਿਚ ਨਸ਼ੇ ਦੀ ਬੁਰਾਈ ਖਤਮ ਕਰਨ ਲਈ ਸਰਕਾਰ ਤਿੰਨ ਪੱਧਰੀ ਰਣਨੀਤੀ ਤੇ ਕੰਮ ਕਰਕੇ ਅਗੇ ਵੱਧ ਰਹੀ ਏ। ਅੱਜ ਜਾਰੀ ਇਕ ਬਿਆਨ ਵਿਚ ਉਨਾਂ ਕਿਹਾ ਕਿ ਇਸ ਤਹਿਤ ਪਿਛਲੇ ਪੰਜ ਹਫਤਿਆਂ ਵਿਚ ਸਾਢੇ 8 ਸੌ

ਤੋਂ ਵੱਧ ਜਾਗਰੂਕਤਾ ਪ੍ਰੋਗਰਾਮ ਕਰਵਾਏ ਗਏ ਨੇ ਅਤੇ ਸੂਬੇ ਦਾ 93 ਫੀਸਦੀ ਇਲਾਕਾ ਕਵਰ ਕਰਦੇ ਹੋਏ 12 ਹਜ਼ਾਰ 687 ਪੇਂਡੂ ਸੁਰੱਖਿਆ ਕਮੇਟੀਆਂ ਬਣਾਈਆਂ ਗਈਆਂ ਨੇ।

---

ਭਾਰਤ ਸਰਕਾਰ ਦੇ ਸੰਚਾਰ ਮੰਤਰਾਲੇ ਨੇ ਨਾਗਰਿਕਾਂ ਦੀ ਸਹੂਲਤ ਅਤੇ ਸੰਚਾਰ ਸੇਵਾਵਾਂ ਦੀ ਅਸਾਨ ਪਹੁੰਚ ਯਕੀਨੀ ਬਣਾਉਣ ਲਈ 'ਸੰਚਾਰ ਸਾਥੀ ਪੋਰਟਲ' ਦੀ ਸ਼ੁਰੂਆਤ ਕੀਤੀ ਏ। ਸੰਚਾਰ ਸਾਥੀ ਪੋਰਟਲ ਸ਼ੁਰੂ ਕਰਨ ਦਾ ਮੰਤਵ ਨਾਗਰਿਕਾਂ ਨੂੰ ਵੱਖ-ਵੱਖ ਸੰਚਾਰ ਸੇਵਾਵਾਂ ਦੀ ਸਹੂਲਤ ਇੱਕ ਥਾਂ ਤੇ ਦੇਣਾ ਏ।

***<u>ਹੋਰ ਵੇਰਵਾ ਇਸ ਰਿਪੋਰਟ ਵਿਚ - ਡਿਸਪੈਚ: ਸੰਚਾਰ ਮੰਤਰਾਲੇ ਨੇ ਸੰਚਾਰ ਸਾਥੀ ਪੋਰਟਲ ਨਾਗਰਿਕਾਂ ਦੀ ਸੁਰੱਖਿਆ ਤੇ ਪਾਰਦਰਸਤਾਂ ਨੂੰ ਮੁੱਖ ਰੱਖਦੀਆਂ ਤਿਆਰ ਕੀਤਾ ਏ ਅਤੇ ਇਸ ਦੀ ਸ਼ੁਰੂਆਤ ਨਾਲ ਸਰਕਾਰ ਨੂੰ ਵੀ ਸੇਵਾਵਾਂ ਦੇ ਪ੍ਰਬੰਧਨ ਵਿੱਚ ਸਹੂਲਤ ਹੋਵੇਗੀ ਤੇ ਨਾਗਰਿਕਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਮੁਹੱਈਆ ਕਰਨ ਵਿੱਚ ਮਦਦ ਮਿਲੇਗੀ ਜਿਸ ਨਾਲ ਉਨ੍ਹਾਂ ਦੇ ਸਮੇਂ ਤੇ ਪੈਸੇ ਦੀ ਬਚਤ ਹੋਵੇਗੀ।</u>***

ਪੋਰਟਲ ਦੀਆਂ ਮੁੱਖ ਸੇਵਾਵਾਂ ਵਿਚ ਇਕ ਏ ਚਕਸ਼ੂ ਸੇਵਾ- ਜਿਹੜੀ ਨੇਤਰਹੀਣ ਵਿਅਕਤੀਆਂ ਨੂੰ ਮੋਬਾਈਲ ਅਤੇ ਸੰਚਾਰ ਸੇਵਾਵਾਂ ਦੀ ਪੂਰੀ ਜਾਣਕਾਰੀ ਹਾਸਲ ਕਾਰਨ ਵਿਚ ਮਦਦ ਦੇਵੇਗੀ। ਇਸ ਤਰ੍ਹਾਂ ਟੈਫਕੋਪ ਸੇਵਾ ਨਾਗਰਿਕਾਂ ਨੂੰ ਆਪਣੇ ਮੋਬਾਈਲ ਨੰਬਰਾਂ ਦੀ ਜਾਂਚ ਕਰਨ ਵਿੱਚ ਮਦਦ ਕਰੇਗੀ ਅਤੇ ਉਹ ਇਹ ਪਤਾ ਲਗ ਸਕਣਗੇ ਕਿ ਉਨ੍ਹਾਂ ਦੇ ਆਧਾਰ ਨਾਲ ਕਿੰਨੇ ਮੋਬਾਈਲ ਨੰਬਰ ਰਜਿਸਟਰਡ ਨੇ। ਉਪਭੋਗਤਾ ਨੂੰ ਆਪਣੇ ਗੁੰਮ ਜਾਂ ਚੋਰੀ ਹੋਏ ਮੋਬਾਈਲ ਫੋਨ ਨੂੰ ਬਲੌਕ ਕਰਨ ਵਿੱਚ ਮਦਦ ਮਿਲੇਗੀ, ਜਿਸ ਨਾਲ ਉਹ ਆਪਣੇ ਡਾਟਾ ਨੂੰ ਸੁਰੱਖਿਆਤ ਕਰਕੇ ਉਸ ਮੋਬਾਈਲ ਫੋਨ ਦੀ ਦੁਰਵਰਤੋਂ ਰੋਕ ਸਕਣਗੇ। ਪੋਰਟਲ ਦੀ ਮਦਦ ਨਾਲ ਉਪਭੋਗਤਾ ਆਪਣੇ ਮੋਬਾਇਲ ਫੋਨ ਦਾ ਆਈ.ਐਮ.ਈ.ਆਈ. ਨੰਬਰ ਵੀ ਜਾਣ ਸਕਣਗੇ। ਸੰਚਾਰ ਸਾਥੀ ਸੇਵਾ ਦੇ ਸ਼ੁਰੂ ਹੋਣ ਨਾਲ ਨਾਗਰਿਕਾਂ ਦੀਆਂ ਸੰਚਾਰ ਸੇਵਾਵਾਂ ਨਾਲ ਜੁੜੀਆਂ ਮੁਸ਼ਕਲਾਂ ਹੱਲ ਹੋਣਗੀਆਂ ਅਤੇ ਇਹ ਪੋਰਟਲ ਇਕ ਨਵੀਂ ਸ਼ੁਰੂਆਤ ਦੀ ਨਿਸ਼ਾਨੀ ਏ।ਸ਼ਿਸ਼ੂ ਸ਼ਰਮਾ ਸ਼ਾਂਤਲ, ਆਕਾਸ਼ਵਾਣੀ ਸਮਾਚਾਰ,ਜਲੰਧਰ

---

ਸੀਮਾ ਸੁਰੱਖਿਆ ਬਲ ਦੇ ਸਿਖਲਾਈ ਕੇਂਦਰ ਖੜਕਾ ਹੁਸ਼ਿਆਰਪੁਰ ਵਿਖੇ ਨਵੇਂ ਕਾਂਸਟੇਬਲਾਂ ਦੀ ਪਾਸਿੰਗ ਆਊਟ ਪਰੇਡ ਅਤੇ ਸਹੁੰ ਚੁੱਕ ਸਮਾਗਮ ਅੱਜ ਕਰਵਾਇਆ ਗਿਆ। ਭਾਰਤੀ ਫੌਜ ਤੋਂ ਸੇਵਾਮੁਕਤੀ ਤੋਂ ਬਾਅਦ 29 ਨਵੇਂ ਕਾਂਸਟੇਬਲ ਸੀਮਾ ਸੁਰੱਖਿਆ ਬਲ ਵਿੱਚ ਸ਼ਾਮਲ ਹੋਏ ਅਤੇ ਦੇਸ਼ ਦੀ ਸਰਹੱਦ ਦੀ ਰੱਖਿਆ ਲਈ 28 ਹਫ਼ਤਿਆਂ ਦੀ ਸਖ਼ਤ ਸਿਖਲਾਈ ਤੋਂ ਬਾਅਦ ਪਾਸ ਆਊਟ ਹੋ ਗਏ। ਕੇਂਦਰ ਦੇ ਇੰਸਪੈਕਟਰ ਜਨਰਲ ਸਿੰਧੂ ਕੁਮਾਰ ਮੁੱਖ ਮਹਿਮਾਨ ਰਹੇ ਜਦਕਿ ਸੈਕਿੰਡ ਕਮਾਂਡਿੰਗ ਅਫਸਰ ਬੀਰੇਂਦਰ ਕੁਮਾਰ ਸਮੇਤ ਹੋਰ ਪਤਵੰਤੇ ਵੀ ਇਸ ਮੌਕੇ ਤੇ ਹਾਜ਼ਰ ਰਹੇ। ਮੁੱਖ ਮਹਿਮਾਨ ਨੂੰ ਜਨਰਲ ਸਲਾਮੀ ਦਿੱਤੀ ਗਈ ਅਤੇ ਕੌਮੀ ਝੰਡੇ ਦੀ ਛਤਰ ਛਾਇਆ ਹੇਠ ਨਵੇਂ ਕਾਂਸਟੇਬਲਾਂ ਨੇ ਸੰਵਿਧਾਨ ਤੇ ਦੇਸ਼ ਪ੍ਰਤੀ ਵਫ਼ਾਦਾਰੀ ਦੀ ਸਹੁੰ ਚੁੱਕੀ। ਪਰੇਡ ਨੂੰ ਸੰਬੋਧਨ ਕਰਦਿਆਂ ਇੰਸਪੈਕਟਰ ਜਨਰਲ ਸਿੰਧੂ ਕੁਮਾਰ ਨੇ ਨਵੇਂ ਕਾਂਸਟੇਬਲਾਂ ਨੂੰ ਸਿਖਲਾਈ ਕਾਮਯਾਬੀ ਨਾਲ ਮੁਕੰਮਲ ਕਰਨ 'ਤੇ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਪਰੇਡ ਦੌਰਾਨ

ਕਾਂਸਟੇਬਲਾਂ ਦੇ ਆਤਮਵਿਸ਼ਵਾਸ, ਹੁਨਰ ਅਤੇ ਤਾਲਮੇਲ ਦੇ ਸ਼ਾਨਦਾਰ ਵਿਖਾਵੇ ਦੀ ਸ਼ਲਾਘਾ ਕੀਤੀ। ਸਿੰਧੂ ਕੁਮਾਰ ਨੇ ਬੀ.ਐਸ.ਐਫ ਨੂੰ ਕੈਰੀਅਰ ਦੇ ਬੱਦਲ ਵਜੋਂ ਚੁਣਨ ਲਈ ਨਵੇਂ ਕਾਂਸਟੇਬਲਾਂ ਦੀ ਸ਼ਲਾਘਾ ਕੀਤੀ ਅਤੇ ਹੋਰ ਨੌਜਵਾਨਾਂ ਨੂੰ ਹੌਂਸਲੇ ਤੇ ਉਤਸ਼ਾਹ ਨਾਲ ਦੇਸ਼ ਦੀ ਸੇਵਾ ਕਰਨ ਅਤੇ ਰਾਸ਼ਟਰ ਦੇ ਸੱਦੇ 'ਤੇ ਫੌਜ ਅਤੇ ਬਲਾਂ ਵਿੱਚ ਸ਼ਾਮਲ ਹੋਣ ਲਈ ਅੱਗੇ ਆਉਣ ਲਈ ਪ੍ਰੇਰਿਤ ਕੀਤਾ।

---------------------------------------------------------------

ਅਠਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਉਨਾਂ ਦੇ ਜਨਮ ਸਥਾਨ ਗੁਰਦੁਆਰਾ ਸ਼ੀਸ਼ ਮਹਿਲ ਸਾਹਿਬ ਵਿਖੇ ਅੱਜ ਪੂਰੀ ਸ਼ਰਧਾ ਨਾਲ ਮਨਾਇਆ ਗਿਆ। ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਅਤੇ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀਆਂ ਨੇ ਆਈਆਂ ਸੰਗਤਾਂ ਨਾਲ ਵਿਚਾਰਾਂ ਸਾਂਝੀਆਂ ਕਰਕੇ ਸੰਗਤ ਨੂੰ ਨਿਹਾਲ ਕੀਤਾ। ਇਸ ਮੌਕੇ ਤੇ ਵੱਡੀ ਗਿਣਤੀ ਵਿੱਚ ਸੰਗਤ ਜਨਮ ਸਥਾਨ ਗੁਰਦੁਆਰਾ ਸ਼ੀਸ਼ ਮਹਿਲ ਸਾਹਿਬ ਵਿਖੇ

ਪੁੱਜ ਕੇ ਲਗਾਤਾਰ ਨਤਮਸਤਕ ਹੋ ਰਹੀ ਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਵਾਰ ਅਖੰਡ ਪਾਠ ਸਾਹਿਬ ਦੇ ਪਾਠ ਆਰੰਭ ਕੀਤੇ ਜਾਂਦੇ ਨੇ ਅਤੇ ਇਸ ਵਾਰ ਵੀ ਦੋ ਲੜੀਆਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਆਰੰਭ ਕੀਤੇ ਗਏ ਨੇ।

-----------------------------------------------

ਪੈਰਿਸ ਓਲੰਪਿਕ ਵਿਚ ਹਾਕੀ ਦੇ ਪੂਲ ਬੀ ਵਿਚ ਅੱਜ ਸ਼ਾਮ ਭਾਰਤ ਤੇ ਅਰਜਨਟੀਨਾ ਵਿਚਾਲੇ ਖੇਡਿਆ ਗਿਆ ਮੈਚ 1 - 1 ਗੋਲ ਦੀ ਬਰਾਬਰੀ ਤੇ ਰਿਹਾ। ਹਾਲਾਂਕਿ ਭਾਰਤ ਦੀ ਟੀਮ ਇਕ ਗੋਲ ਤੋਂ ਲਗਾਤਾਰ ਪਿੱਛੜ ਰਹੀ ਸੀ ਪਰ ਖੇਡ ਖ਼ਤਮ ਹੋਣ ਤੋਂ ਸਿਰਫ ਦੋ ਮਿੰਟ ਪਹਿਲਾਂ ਹੀ ਹਰਮਨਪ੍ਰੀਤ ਸਿੰਘ ਵਲੋਂ ਪੇਨਲਟੀ ਕਾਰਨਰ ਤੇ ਕੀਤੇ ਗਏ ਗੋਲ਼ ਸਦਕਾ ਭਾਰਤੀ ਟੀਮ ਇਸ ਮੈਚ ਨੂੰ ਬਰਾਬਰ ਕਰਨ ਵਿਚ ਕਾਮਯਾਬ ਹੋ ਗਈ।

-----------------------------------------------

ਲੁਧਿਆਣਾ ਦੇ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਲੁਧਿਆਣਾ ਟਾਈਗਰ ਸਫਾਰੀ ਵਿੱਚ ਸੁਰੱਖਿਅਤ ਟਾਈਗਰ ਦੇ ਵਿਜ਼ੂਅਲ ਨੂੰ ਦਰਸਾਉਣ ਵਾਲਾ ਮਹੱਤਵਪੂਰਨ ਪਿਕਟੋਰੀਅਲ ਬਰੋਸ਼ਰ ਅਤੇ

ਪੋਰਟਰੇਟ ਜਾਰੀ ਕੀਤਾ। ਇਸ ਨੂੰ ਇੱਕ ਕੁਦਰਤ ਪ੍ਰੇਮੀ ਲੇਖਕ ਹਰਪ੍ਰੀਤ ਸੰਧੂ ਨੇ ਤਿਆਰ ਕਰਕੇ ਪਿਕਟੋਰੀਅਲ ਬਰੋਸ਼ਰ ਅਤੇ ਪੋਰਟਰੇਟ ਦੇ ਰੂਪ ਵਿੱਚ ਸੰਕਲਿਤ ਕੀਤਾ ਏ। ਇਸ ਵਿੱਚ 'ਅਮਨ' ਨਾਮ ਦੇ ਟਾਈਗਰ ਦੀਆਂ ਸ਼ਾਨਦਾਰ ਤਸਵੀਰਾਂ ਨੂੰ ਦਰਸਾਇਆ ਗਿਆ ਏ। ਲੁਧਿਆਣਾ ਟਾਈਗਰ ਸਫਾਰੀ ਦੀ ਮਹੱਤਤਾ ਨੂੰ ਦਰਸਾਉਣ ਲਈ ਕੌਮਾਂਤਰੀ ਟਾਈਗਰ ਦਿਵਸ 2024 ਨੂੰ ਸਮਰਪਿਤ ਏ। ਇਸ ਦਾ ਉਦੇਸ਼ ਬਾਘ ਦੀ ਮਹੱਤਤਾ ਨੂੰ ਰੇਖਾਂਕਿਤ ਕਰਨਾ ਏ ਅਤੇ ਇਸ ਸ਼ਾਨਦਾਰ ਪ੍ਰਜਾਤੀ ਨੂੰ ਦਰਪੇਸ਼ ਚੁਣੌਤੀਆਂ ਬਾਰੇ ਸਮਾਜ ਵਿੱਚ ਜਾਗਰੂਕਤਾ ਪੈਦਾ ਕਰਨ ਏ ਕਿਉਂਕਿ ਟਾਈਗਰਾਂ ਦਾ ਵੀ ਧਰਤੀ 'ਤੇ ਵਿਸ਼ੇਸ਼ ਸਥਾਨ ਏ। ਡਿਪਟੀ ਕਮਿਸ਼ਨਰ ਸਾਹਨੀ ਨੇ ਹਰਪ੍ਰੀਤ ਸੰਧੂ ਵੱਲੋਂ ਟਾਈਗਰ ਸਫਾਰੀ - ਲੁਧਿਆਣਾ ਚਿੜੀਆਘਰ ਨੂੰ ਉਤਸ਼ਾਹਿਤ ਕਰਨ ਲਈ ਕੀਤੇ ਸੁਹਿਰਦ ਯਤਨਾਂ ਦੀ ਸ਼ਲਾਘਾ ਕੀਤੀ।

---------------------------------------------------------------

ਰੈਜ਼ੂਏਟ ਵੈਲਫੇਅਰ ਐਸੋਸੀਏਸ਼ਨ ਫਾਜ਼ਿਲਕਾ ਨੇ ਵਾਤਾਵਰਨ ਨੂੰ ਸਮਰਪਿਤ ਆਪਣੀ ਕਿਸਮ ਦੀ ਵਿਲੱਖਣ ਪਹਿਲ ਆਨੰਦ ਉਤਸਵ

ਤਹਿਤ ਇਸ ਸਾਲ, "ਡਾਇਲ-ਏ-ਟ੍ਰੀ" ਯੋਜਨਾ ਹੇਠ ਫਾਜ਼ਿਲਕਾ ਵਿਚ 10 ਹਜ਼ਾਰ ਬੂਟੇ ਲਗਾਉਣ ਦਾ ਅਭਿਲਾਸ਼ੀ ਟੀਚਾ ਰੱਖਿਆ ਏ। ਇਸ ਤੋਂ ਇਲਾਵਾ, ਜ਼ਿਲ੍ਹਾ ਪ੍ਰਸ਼ਾਸਨ ਨੇ ਮਨਰੇਗਾ ਦੀ ਮਦਦ ਨਾਲ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਮਿੰਨੀ ਜੰਗਲਾਂ ਦੀ ਸਥਾਪਨਾ ਸਮੇਤ 12 ਲੱਖ ਰੁੱਖ ਲਗਾਉਣ ਦਾ ਟੀਚਾ ਰੱਖਿਆ ਏ। ਜ਼ਿਲ੍ਹਾ ਪ੍ਰਸ਼ਾਸਨ ਸਿਵਲ ਸੁਸਾਇਟੀ ਦੇ ਸਹਿਯੋਗ ਨਾਲ ਵੱਡੇ ਪੱਧਰ 'ਤੇ ਬੂਟੇ ਲਗਾਉਣ ਲਈ ਆਪਣੇ ਕਈ ਉਪਰਾਲੇ ਕਰ ਰਿਹਾ ਏ। "ਡਾਇਲ-ਏ-ਟ੍ਰੀ" ਪ੍ਰੋਜੈਕਟ, 2010 ਵਿੱਚ ਸ਼ੁਰੂ ਕੀਤਾ ਗਿਆ ਸੀ। ਹੁਣ ਤੱਕ ਫਾਜ਼ਿਲਕਾ ਅਤੇ ਇਸ ਦੇ ਆਸ-ਪਾਸ ਦੇ ਖੇਤਰਾਂ ਵਿੱਚ 53,000 ਤੋਂ ਵੱਧ ਬੂਟੇ ਲਗਾਏ ਅਤੇ ਵੰਡੇ ਜਾ ਚੁੱਕੇ ਨੇ। ਜੰਗਲਾਤ ਵਿਭਾਗ, ਨਗਰ ਕੌਂਸਲ ਫਾਜ਼ਿਲਕਾ ਅਤੇ ਜ਼ਿਲਾ ਪ੍ਰਸ਼ਾਸਨ ਫਾਜ਼ਿਲਕਾ ਦੇ ਸਹਿਯੋਗ ਨਾਲ ਇਸ ਉਤਸਵ ਦੌਰਾਨ ਲਗਾਤਾਰ 3 ਹਜ਼ਾਰ ਤੋਂ 4 ਹਜ਼ਾਰ ਬੂਟੇ ਸਾਲਾਨਾ ਲਗਾਏ ਜਾ ਰਹੇ ਨੇ।

---

## ਆਖਿਰ ਵਿਚ ਖ਼ਾਸ ਖ਼ਬਰਾਂ ਇਕ ਵਾਰ ਫੇਰ ਤੋਂ

- ਕੇਂਦਰੀ ਕਿਰਤ ਤੇ ਰੁਜ਼ਗਾਰ ਮੰਤਰੀ ਡਾ: ਮਨਸੁਖ ਮਾਂਡਵਿਆ ਨੇ ਕਿਹਾ ਏ ਕਿ ਦੇਸ਼ ਵਿੱਚ ਨੌਕਰੀਆਂ ਦੀ ਕੋਈ ਕਮੀ ਨਹੀਂ ਏ ਅਤੇ

ਦੇਸ਼ ਵਿੱਚ ਬੇਰੁਜ਼ਗਾਰੀ ਦੀ ਦਰ 3 ਇਸ਼ਾਰਿਆ 2 ਪ੍ਰਤੀਸ਼ਤ ਤੱਕ ਘੱਟ ਗਈ ਏ ।

- ਭਾਰਤੀ ਜਨਤਾ ਪਾਰਟੀ ਦੇ ਕੌਮੀ ਜਨਰਲ ਸਕੱਤਰ ਦੁਸ਼ਯੰਤ ਗੌਤਮ ਨੇ ਕਿਹਾ ਏ ਕਿ ਆਮ ਬਜਟ ਵਿੱਚ ਪੰਜਾਬ ਸਮੇਤ ਦੇਸ਼ ਭਰ ਦੇ ਕਿਸਾਨਾਂ ਨੂੰ ਲਾਭ ਦੇਣ ਲਈ ਕਈ ਪ੍ਰਬੰਧ ਕੀਤੇ ਗਏ ਨੇ ।
- ਭਾਰਤ ਸਰਕਾਰ ਦੇ ਸੰਚਾਰ ਮੰਤਰਾਲੇ ਨੇ ਨਾਗਰਿਕਾਂ ਦੀ ਸਹੂਲਤ ਤੇ ਸੰਚਾਰ ਸੇਵਾਵਾਂ ਦੀ ਅਸਾਨ ਪਹੁੰਚ ਯਕੀਨੀ ਬਣਾਉਣ ਲਈ 'ਸੰਚਾਰ ਸਾਥੀ ਪੋਰਟਲ' ਦੀ ਸ਼ੁਰੂਆਤ ਕੀਤੀ ਏ ।
- ਪੈਰਿਸ ਓਲੰਪਿਕ ਵਿਚ ਹਾਕੀ ਦੇ ਪੂਲ ਬੀ ਵਿਚ ਭਾਰਤ ਤੇ ਅਰਜਨਟੀਨਾ ਵਿਚਾਲੇ ਖੇਡਿਆ ਗਿਆ ਮੈਚ 1 - 1 ਗੋਲ ਦੀ ਬਰਾਬਰੀ ਤੇ ਰਿਹਾ ।